Ombudsman
Toronto



# ਲੋਕਪਾਲ ਟੋਰਾਂਟੋ ਤੁਹਾਡੇ ਵਾਸਤੇ ਕੀ ਕਰ ਸਕਦਾ ਹੈ?

## ਲੋਕਪਾਲ ਕੀ ਹੁੰਦਾ ਹੈ?

ਲੋਕਪਾਲ ਜਨਤਾ ਦੇ ਉਹਨਾਂ ਮੈਂਬਰਾਂ ਦੀਆਂ ਸ਼ਿਕਾਇਤਾਂ ਦੀ ਜਾਂਚ ਕਰਦਾ ਹੈ ਜੋ ਮੰਨਦੇ ਹਨ ਕਿ ਉਹਨਾਂ ਦੀ ਸਰਕਾਰ ਦੁਆਰਾ ਉਹਨਾਂ ਨਾਲ ਗੈਰ-ਵਾਜਬ ਵਿਵਹਾਰ ਕੀਤਾ ਗਿਆ ਹੈ ਜਾਂ ਉਨ੍ਹਾਂ ਨੂੰ ਅਣਉਚਿਤ ਸੇਵਾ ਪ੍ਰਾਪਤ ਹੋਈ ਹੈ।

**ਲੋਕਪਾਲ ਟੋਰਾਂਟੋ ਸੁਤੰਤਰ ਅਤੇ ਨਿਰਪੱਖ ਹੈ। ਸਾਡਾ ਕੰਮ ਗੁਪਤ ਹੈ ਅਤੇ ਹਰ ਕਿਸੇ ਵਾਸਤੇ ਮੁਫ਼ਤ ਹੈ।**

## ਅਸੀਂ ਕਿਵੇਂ ਮਦਦ ਕਰ ਸਕਦੇ ਹਾਂ?

ਇਹ ਯਕੀਨੀ ਬਣਾਕੇ ਅਸੀਂ ਟੋਰਾਂਟੋ ਸ਼ਹਿਰ ਨੂੰ ਜਵਾਬਦੇਹ ਬਣਾਉਂਦੇ ਹਾਂ ਕਿ ਇਹ ਸਾਰੇ ਲੋਕਾਂ ਨਾਲ ਵਾਜਬ ਤਰੀਕੇ ਨਾਲ ਵਿਵਹਾਰ ਕਰੇ।

ਅਸੀਂ ਸ਼ਹਿਰ ਦੀਆਂ ਸਾਰੀਆਂ ਡਿਵੀਜ਼ਨਾਂ, ਅਤੇ ਸ਼ਹਿਰ ਦੇ ਜ਼ਿਆਦਾਤਰ ਅਦਾਰਿਆਂ, ਬੋਰਡਾਂ, ਅਤੇ ਕਾਰਪੋਰੇਸ਼ਨਾਂ ਦੀ ਨਿਗਰਾਨੀ ਕਰਦੇ ਹਾਂ।

ਅਸੀਂ ਸ਼ਿਕਾਇਤ ਦਾ ਨਿਪਟਾਰਾ ਕਰਨ ਲਈ ਅਤੇ ਭਵਿੱਖ ਵਿੱਚ ਇਸਦੀ ਸੇਵਾ ਵਿੱਚ ਸੁਧਾਰ ਕਰਨ ਲਈ ਸ਼ਹਿਰ ਨੂੰ ਸਪਸ਼ਟ ਅਤੇ ਵਿਹਾਰਕ ਸਿਫਾਰਸ਼ਾਂ ਪ੍ਰਦਾਨ ਕਰਾਉਂਦੇ ਹਾਂ।

416-392-7062
ombudsman@toronto.ca
ombudsmantoronto.ca